# ਪਰਮੇਸ਼ਵਰ ਦੇ ਰਾਜ ਨੂੰ ਫੈਲਾਦੇ ਰਹੋ

### ਯੀਸ਼ੂ ਨੇ ਉਦਾਹਰਣ ਦੇ ਕੇ ਦੱਸਿਆ ਕਿਵੇ ਪਰਮੇਸ਼ਵਰ ਦੇ ਰਾਜ ਨੂੰ ਫੈਲਾਉਣਾ ਹੈ, ਹੁਣ ਅਤੇ ਇਤਹਾਸ ਦੇ ਆਖੀਰ ਤੱਕ ਰਹੇਗਾ।

**ਪ੍ਰਾਥਨਾ:** ''ਪਿਆਰੇ ਪਰਮੇਸ਼ਵਰ, ਬੇਨਤੀ ਕਰਕੇ ਬੱਚਿਆਂ ਦੀ ਮੱਦਦ ਕਰੋ ਕਿ ਉਹ ਤੁਹਾਡੇ ਵੱਚਨ ਦਾ ਪ੍ਰਚਾਰ ਆਪਣੇ ਮਿੱਤਰਾਂ ਦੇ ਦਿੱਲਾ ਵਿੱਚ ਕਰਣ। ਤੁਹਾਡਾ ਵਚਨ ਇੱਕ ਬੀਜ ਵਾਂਗਰ ਜੜ੍ਹ ਫੜੇ, ਵਧੇ ਅਤੇ ਬੱਚਿਆਂ ਦੇ ਦਿੱਲਾ ਵਿੱਚ ਚੰਗੇ ਫਲ ਲੈ ਕੇ ਆਵੇ।

ਹੁੱਣ ਇੱਕ ਵੱਡਾ ਬੱਚਾ ਜਾ ਬੱਚੀ ਮੱਤੀ 13:3-9 ਅਤੇ 18-23 ਵਿੱਚ ਯੀਸ਼ੂ ਦੀ ਕਹਾਣੀ ਬੀਜ ਬੀਜਣ ਵਾਲੇ ਬਾਰੇ ਦੱਸੇ।



ਸਮਝਾਉ ਕੀ ਹੁੰਦਾ ਹੈ ਜਦੋ ਵੱਖ ਵੱਖ ਤਰ੍ਹਾਂ ਦੇ ਲੋਕ ਪਰਮੇਸ਼ਵਰ ਦੇ ਸ਼ੁੱਭ ਸੰਦਸ਼ ਨੂੰ ਸੁਣਦੇ ਹਨ

- ਇਹ ਕਹਾਣੀ ਦੁਹਰਾਉਦੀ ਹੈ ਕਿਵੇ ਪਰਮੇਸ਼ਵਰ ਦਾ ਰਾਜ ਸਦਾ ਤੀਕਰ ਸਥਿਰ ਰਿਹਾ ਹੈ।
- ਕੁਝ ਲੋਕ ਯਿਸ਼ੂ ਦੇ ਵਚਨ ਦਾ ਇਨਕਾਰ ਕਰਦੇ ਹਨ, ਜਦ ਦੂਜੇ ਉਹਨੂੰ ਮੰਨਦੇ ਹਨ
- ਸ਼ੈਤਾਨ ਪਰਮੇਸ਼ਵਰ ਦੇ ਲੋਕਾਂ ਤੇ ਹੱਲਾ ਬੋਲਦਾ ਹੈ, ਪਰ ਪਰਮੇਸ਼ਵਰ ਦਾ ਵਚਨ ਵੱਧਦਾ ਹੀ ਜਾਂਦਾ ਹੈ ਅਤੇ ਸੰਸਾਰ ਦੇ ਸਾਰੇ ਲੋਕਾਂ ਵਿੱਚ, ਛੇਤੀ ਹੀ ਜੜ੍ਹ ਫੜ ਲਵੇਗਾ।

ਬੱਚਿਆਂ ਨੂੰ ਇਹ ਪ੍ਰਸ਼ਨ ਪੁਛੋ:



- ਤਿੰਨ ਜਮੀਨਾਂ ਬੁਰੀਆਂ ਹਨ, ਉਨਾ ਨਾਲ ਕੀ ਕੀ ਬੁਰਾ ਸੀ?
- ਬੀਜ ਨੇ ਜੜ੍ਹ ਕਿੱਥੇ ਫੜੀ, ਵਧਿਆ ਅਤੇ ਫਲ ਲੈ ਕੀ ਆਇਆ?
- ਇੰਜੀਲ ਦਾ ਸ਼ੁੱਭ ਸਦੇਸ਼ ਕਿਸ ਤਰ੍ਹਾਂ ਇੱਕ ਬੀਜ ਦੇ ਵਾਗਰ ਹੈ?
- ਉਦੋ ਕੀ ਹੁੰਦਾ ਹੈ ਜਦੋ ਬੀਜ ਚੰਗੀ ਜਮੀਨ ਤੇ ਡਿਗਦਾ ਹੈ?
- ਕਿਸ ਤਰ੍ਹਾਂ ਦੇ ਲੋਕ ਬੁਰੀ ਜਮੀਨ ਵਾਂਗ ਹਨ?
- ਉਦੋਂ ਕਿ ਹੁੰਦਾ ਹੈ ਜਦੋ ਲੋਕ ਸ਼ੁੱਭ ਸੰਦੇਸ਼ ਸੁਣਦੇ ਹਨ ਅਤੇ ਕਿਸ ਤੇ ਵਿਸ਼ਵਾਸ ਕਰਦੇ ਹਨ?

### ਬੀਜ ਬੀਜਣ ਵਾਲੇ ਦੀ ਕਹਾਣੀ ਦੇ ਹਿੱਸਿਆਂ ਦਾ ਨਾਟਕ ਤਿਆਰ ਕਰੋ।

- ਅਰਾਧਨਾ ਦੇ ਆਗੂ ਨਾਲ ਮਿੱਲ ਕੇ ਇਹ ਪ੍ਰਬੰਧ ਕਰੋ ਕਿ ਬੱਚੇ ਇਹ ਨਾਟਕ ਬਾਲਿਗਾ ਵਾਸਤੇ ਪੇਸ਼ ਕਰਨ।
- ਇਹ ਨਾਟਕ ਆਪਣੇ ਬੱਚਿਆਂ ਨੂੰ ਸਿਖਾਉਣ ਦੇ ਵੇਲੇ ਤਿਆਰ ਕਰਵਾਉ।
- ਵੱਡੇ ਬੱਚੇ, ਛੋਟਿਆਂ ਦੀ ਤਿਆਰੀ ਵਿੱਚ ਮੱਦਦ ਕਰਨ।
- ਵੱਡੇ ਬੱਚੇ ਜਾਂ ਬਾਲਗ ਇਨ੍ਹਾਂ ਹਿੱਸਿਆ ਨੂੰ ਕਰਨ।

**ਵਾਚਕ:** ਇਸ ਕਹਾਣੀ ਨੂੰ ਛੋਟਾ ਕਰਕੇ ਕਲਾਕਾਰਾ ਦੀ ਮੱਦਦ ਕਰੋ। ਯਾਦ ਰੱਖਣ ਕਿ ਉਨ੍ਹਾਂ ਨੇ ਕੀ ਕਰਨਾ ਹੈ।

**ਕਿਸ਼ਾਨ,** ਬੀਜ ਜਾਂ ਛੋਟੇ ਪੱਥਰਾਂ ਦਾ ਪ੍ਰਬੰਧ ਕਰੋ ਕਿ ਉਹ ਬੀਜਾਂ ਵਾਂਗਰ ਲੱਗਣ।

**ਕੰਡੇ**

- ਛੋਟਿਆਂ ਬੱਚਿਆਂ ਨੂੰ ਇਹ ਹਿੱਸੇ ਕਰਨ ਦਿਉ, ਪੰਛੀ ਕਣਕ ਦੇ ਬੂਟੇ ਅਤੇ ਗਲ਼ ਘੁੱਟਨ ਵਾਲਾ ਬੂਟਾ

**ਵਾਚਕ:** ਮੱਤੀ 13:3-9 ਵਿੱਚੋ ਕਹਾਣੀ ਦੇ ਪਹਿਲੇ ਹਿੱਸੇ ਨੂੰ ਦੱਸੋ, ਫਿਰ ਆਖੋ, ''ਦੇਖੋ ਕੀ ਹੁੰਦਾ ਹੈ ਜਦੋ ਬੀਜ ਰਾਹ ਉਤੇ ਡਿੱਗਦਾ ਹੈ।''

**ਕਿਸ਼ਾਨ** (ਜਿੰਮੀਦਾਰ) ਇੱਕ ਛੋਟਾ ਹੱਥ ਭਰ ਕੇ ਬੀਜਾਂ ਨੂੰ ਖਿਲਾਰੋ।

**ਪੰਛੀ:** ਇੱਕ ਪੈਰ ਨਾਲ ਕੁੱਦ ਕੇ, ਜਿਥੇ ਬੀਜ ਹੈ, ਉਥੇ ਜਾਉ। ਆਪਣੀਆਂ ਬਾਹਾਂ ਨੂੰ ਘੰਭਾਂ ਵਾਂਗ ਫੜਫੜਾਉ, ਫਿਰ ਕੁਝ ਚੀਜਾਂ ਨੂੰ ਚੁੱਕ ਕੇ ਇਹ ਵਿਖਾਉ, ਜਿਵੇਂ ਤੁਸੀਂ ਉਨ੍ਹਾਂ ਨੂੰ ਖਾ ਰਹੇ ਹੋ। (ਇਹ ਸੱਚਮੁਚ ਆਪਣੇ ਮੂੰਹ ਵਿੱਚ ਨਹੀ ਪਾਉਦੇ)

**ਵਾਚਕ:** ''ਦੇਖੋ ਉਦੋ ਕੀ ਹੁੰਦਾ ਹੈ ਜਦੋ ਬੀਜ ਪੱਥਰਾਂ ਉੱਤੇ ਡਿਗਦਾ ਹੈ?''

**ਕਿਸ਼ਾਨ:** ਹੋਰ ਬੀਜਾ ਨੂੰ ਖਿਲਾਰੇ।

**ਕਣਕ ਦੇ ਬੂਟੇ:** ਇਕ ਦਮ ਉਥੇ ਖੜੇ ਹੋ ਜਾਉ ਜਿਥੇ ਬੀਜ ਡਿੱਗਿਆ ਸੀ, ਆਪਣੀਆਂ ਬਾਹਾ ਬਾਹਰ ਕੱਢੋ। ਫਿਰ ਉੱਤੇ ਗਰਮ (ਤਪਦੇ) ਸੂਰਜ ਨੂੰ ਵੇਖੋ; ਆਪਣੀਆਂ ਅੱਖਾ ਨੂੰ ਆਪਣੇ ਹੱਥਾਂ ਨਾਲ ਢੱਕ ਲਉ, ਅਤੇ ਫਿਰ ਹੋਲੀ ਕਰਕੇ ਧਰਤੀ ਉੱਤੇ ਡਿੱਗ ਪਉ।

**ਵਾਚਕ:** ''ਵੇਖੋ ਉਦੋ ਕਿ ਹੰਦਾ ਹੈ ਜਦੋ ਬੀਜ ਕੰਡਿਆ ਦੇ ਵਿੱਚ ਡਿਗਦਾ ਹੈ।

**ਕਿਸ਼ਾਨ:** ਹੋਰ ਬੀਜਾ ਨੂੰ ਬਿਖਰਾਏ।

**ਗੱਲ ਘੁੱਟਨ ਵਾਲਾ ਬੂਟਾ:-** ਉਥੇ ਖਲੋ ਜਾਉ, ਜਿੱਥੇ ਬੀਜ ਨੂੰ ਸੁੱਟਿਆ ਗਿਆ ਸੀ, ਆਪਣੀਆਂ ਬਾਹਾਂ ਨੂੰ ਬਾਹਰ ਵਲ ਫੜ ਕੇ ਰੱਖੋ, ਫਿਰ ਉੱਪਰ ਗਰਮ ਸੂਰਜ ਵੱਲ ਵੇਖੋ, ਆਪਣੇ ਹੱਥਾਂ ਨਾਲ ਅੱਖਾਂ ਨੂੰ ਢੱਕ ਲਉ ਅਤੇ ਹੌਲੀ ਜਿਹੀ ਜਮੀਨ ਤੇ ਡਿੱਗ ਪਉ।

**ਕੰਡੇ:-** ਚੁੱਪ ਚਾਪ ਜਾ ਕੇ ਕਣਕ ਦੇ ਬੂਟਿਆਂ ਪਿੱਛੇ ਜਾਉ, ਆਪਣੇ ਹੱਥਾਂ ਉੱਤੇ ਚੱਲੋ, ਫਿਰ ਇਸ ਤਰ੍ਹਾਂ ਉੱਚੀ ਓੱਚੇ ਸ਼ੈਤਾਨ ਵਾਗ ਹੱਸੋ, ਅਤੇ ਅਚਾਨਕ ਆਪਣੀਆ ਉਂਗਲੀਆ ਨੂੰ ਉਹ ਗੱਲ ਦੇ ਦੁਆਲੇ ਪਾ ਦਿਉ, ਇਸ ਤਰਾ ਦਿਖਾਵਾ ਕਰੋ ਜਿਵੇ ਤੁਸੀ ਉਹਦਾ ਗੱਲ ਘੁੱਟ ਦਿੱਤਾ।

**ਗੱਲ ਘੁੱਟਨ ਵਾਲਾ ਬੂਟਾ:-** ਤੁਹਾਡੇ ਹੱਥਾ ਨੂੰ ਤੁਹਾਡੇ ਗੱਲ ਉਤੇ ਰੱਖੋ, ਤੁਹਾਡੀ ਜੁਬਾਨ ਬਾਹ ਲਟਕ ਜਾਵੇ, ਤੇ ਫਿਰ ਤੁਸੀ ਹੇਠਾ ਡਿੱਗ ਪਉ।

**ਵਾਚਕ:** ''ਦੇਖੋ ਉਦੋ ਕੀ ਹੁੰਦਾ ਹੈ, ਜਦੋ ਬੀਜ ਚੰਗੀ ਜਮੀਨ ਤੇ ਡਿਗਦਾ ਹੈ।''

**ਕਿਸ਼ਾਨ:** ਹੋਰ ਬੀਜਾ ਨੂੰ ਖਿਲਾਰੇ।

**ਕਣਕ ਦੇ ਬੂਟੇ:** ਜਿਥੇ ਬੀਜ ਡਿੱਗਿਆ ਸੀ ਉੱਥੇ ਘਮੰਡ ਨਾਲ ਖੜੇ ਹੋਣ। ਆਪਣੀਆਂ ਬਾਹਵਾਂ ਨੂੰ ਸੁਰਗ ਵੱਲ ਚੁੱਕਣ।

**ਕਿਸ਼ਾਨ** ਦੇਖੋ। ''ਇਹ ਬੀਜ ਤਾਂ ਸੌ ਗੁਣਾ ਵਧੇ ਹਨ, ਇਸ ਪੱਕੀ ਹੋਈ ਫਸਲ ਵਾਸਤੇ ਪਰਮੇਸ਼ਵਰ ਦੀ ਮਹਿਮਾ ਕਰੋ।''

**ਵਾਚਕ:** ਮੱਤੀ 13:18-23 ਵਿੱਚੋਂ ਕਹਾਣੀ ਦੇ ਦੂਜੇ ਹਿੱਸੇ ਬਾਰੇ ਦੱਸੋ, ਫਿਰ ਉਨ੍ਹਾਂ ਸਭਨਾ ਦਾ ਧੰਨਵਾਦ ਕਰੋ ਜਿੰਨਾ ਨੇ ਇਸ ਨਾਟਕ ਨੂੰ ਕਰਨ (ਖੇਡਣ) ਵਿੱਚ ਮੱਦਦ ਕੀਤੀ ਹੈ।

## ਪ੍ਰਸ਼ਨ

ਜੇ ਬੱਚੇ ਇਹ ਨਾਟਕ ਬਾਲਿਗਾਂ ਲਈ ਪੇਸ਼ ਕਰਣ, ਤਦ ਬੱਚੇ ਬਾਲਿਗਾਂ ਕੋਲੋ ਉਹ ਪ੍ਰਸ਼ਨ

ਪੁੱਛਣ ਜਿਹੜੇ ਸਫੇ ਪ੍ਰਸ਼ਨ ਪੁੱਛਣ ਜਿਹੜੇ ਸਫਾ 1 ਤੇ ਦਿੱਤੇ ਗਏ ਹਨ।

ਬੱਚਿਆਂ ਨੂੰ ਪੁੰਗਰਦੇ ਹੋਏ ਬੀਜਾਂ ਦੀ ਇਕ ਤਸਵੀਰ ਬਣਾਉਣ ਦਿਓ,

ਇਹ ਤਸਵੀਰ ਉਨ੍ਹਾਂ ਨੂੰ ਬਾਲਿਗਾਂ ਦੀ ਅਰਾਧਨਾ ਵੇਲੇ ਦਿਖਾਣ ਦਿਉ, ਅਤੇ ਸਮਝਾਉ ਪਰਮੇਸ਼ਵਰ ਦਾ ਵਚਨ ਇੱਕ ਬੀਜ ਵਾਂਗ ਹੈ ਜਿਹੜਾ ਦੂਜਿਆਂ ਦੇ ਦਿੱਲਾਂ ਵਿੱਚ ਜੜ੍ਹ ਫੜਦਾ ਹੈ, ਵਧਦਾ ਅਤੇ ਚੰਗਾ ਫਲ ਲੈ ਕੇ ਆਉਦਾ ਹੈ।

**ਕਵਿਤਾ** : ਜਬੂਰਾ ਦੀ ਪੋਥੀ ਵਿੱਚ 1:1-3 ਆਇਤ ਤਿੰਨਾ ਵਿੱਚੋ ਹਰੇਕ ਬੱਚਾ ਇੱਕ ਇੱਕ ਦੁਹਰਾਏ।

ਧੰਨ ਹੈ ਉਹ ਮਨੁੱਖ ਜਿਹੜਾ ਦੁਸ਼ਟਾ ਦੀ ਮੱਤ ਉੱਤੇ ਨਹੀ ਚਲਦਾ।
ਨਾ ਪਾਪੀਆ ਦੇ ਰਾਹ ਵਿੱਚ ਖੜਾ ਰਹਿੰਦਾ।
ਅਤੇ ਨਾ ਮਖੌਲੀਆ ਦੀ ਜੁੰਡਲੀ ਵਿੱਚ ਬਹਿੰਦਾ ਹੈ।
ਪਰ ਉਹ ਯਹੋਵਾਹ ਦੀ ਵਿਵਸਥਾ ਵਿੱਚ ਮਗਨ ਰਹਿੰਦਾ,
ਅਤੇ ਦਿਨ ਰਾਤ ਉਸ ਦੀ ਵਿਵਸਥਾ ਉੱਥੇ ਧਿਆਨ ਕਰਦਾ ਹੈ।
ਉਹ ਤਾਂ ਉਸ ਬਿਰਛ ਵਰਗਾ ਹੋਵੇਗਾ
ਜੋ ਪਾਣੀ ਦੇ ਕਿਨਾਰੇ ਉੱਤੇ ਲਾਇਆ ਹੋਇਆ ਹੈ।



ਜਿਹੜਾ ਰੁੱਤ ਸਿਰ ਆਪਣਾ ਫਲ ਦਿੰਦਾ ਹੈ।

ਜਿਸ ਦੇ ਪੱਤੇ ਨਹੀ ਕੁਮਲਾਉਦੇ, ਅਤੇ ਜੋ ਕੁਝ ਉਹ ਕਹੇ ਸੋ ਸਫਲ ਹੁੰਦਾ ਹੈ।



ਵੱਡੇ ਬੱਚੇ ਕਵਿਤਾ ਜਾਂ ਗੀਤ, ਚਾਰ ਤਰ੍ਹਾਂ ਦੀਆਂ ਜਮੀਨਾ ਬਾਰੇ ਲਿਖੋ, ਅਤੇ ਉਨਾ ਨੇ ਕਿ ਪੇਸ਼ ਕੀਤਾ।

**ਯਾਦ ਕਰੋ ਰਸੂੰਲਾ ਦੇ ਕਰਤਬ** 4:12

**ਪ੍ਰਾਥਨਾ,** ''ਪਿਆਰੇ ਯੀਸ਼ੂ ਸਾਡੀ ਮੱਦਦ ਕਰ ਕਿ ਅਸੀ ਤੁਹਾਡੇ ਰਾਜ ਦੇ ਬੀਜ ਬਿਖੇਰ ਸਕੀਏ, ਦੂਜਿਆਂ ਨੂੰ ਤੁਹਾਡੇਬਾਰੇ ਵਿੱਚ ਦੱਸ ਕੇ, ਅਸੀ ਚਾਹਦੇ ਹਾਂ ਕਿ ਤੁਹਾਡਾ ਵਚਨ ਸਾਡੇ ਦਿੱਲਾਂ ਵਿੱਚ ਜੜ੍ਹ ਫੜੇ ਅਤੇ ਚੰਗੇ ਫਲ ਲਿਆਵੇ।

Copyright 2004 © by Paul-Timothy. May be freely copied. Download from www.Paul-Timothy.net